AMERICAN LIMO
98728-60952, 98728-60953

ਪੰਜਾਬ ਦੀ ਆਵਾਜ਼
ਅਜੀਤ
Daily Ajit, Jalandhar ਜਲੰਧਰ : ਬੁੱਧਵਾਰ, 6 ਫ਼ਰਵਰੀ, 2008 25 ਮਾਘ ਨਾਨਕਸ਼ਾਹੀ ਸੰਮਤ 539 (ਕੁਲ ਸਫ਼ੇ 16+4+20) ਮੁੱਲ : 3.00 ਰੁਪਏ

ਵਧਿਆ ਹੋਇਆ ਪੇਟ
ਜੌਲੀ ਫੈਟ ਗੋ
ਰੈਡ ਗੋਲਡ

PB/0138/06-2008 www.ajitjalandhar.com

# ਮੇਅਰ ਵਲੋਂ ਸਦਰਨ ਕ੍ਰਾਸ ਆਸਟਰੇਲੀਆ ਐਜੂਕੇਸ਼ਨ ਸੈਂਟਰ ਦਾ ਉਦਘਾਟਨ

ਚੰਡੀਗੜ੍ਹ, 5 ਫ਼ਰਵਰੀ (ਹਰਦੇਵ ਚੌਹਾਨ)-ਮੈਲਬੋਰਨ, ਆਸਟਰੇਲੀਆ 'ਚ ਸਫ਼ਲ ਸ਼ੁਰੂਆਤ ਤੋਂ ਬਾਅਦ ਸਦਰਨ ਕ੍ਰਾਸ ਸਟੂਡੈਂਟ ਸਰਵਿਸਜ਼ ਪ੍ਰਾਈਵੇਟ ਲਿਮਟਿਡ ਨੇ ਭਾਰਤ 'ਚ ਵੀ ਕੰਮਕਾਜ ਸ਼ੁਰੂ ਕਰ ਦਿੱਤਾ ਹੈ। ਚੰਡੀਗੜ੍ਹ ਦੇ ਮੇਅਰ ਸ੍ਰੀ ਪ੍ਰਦੀਪ ਛਾਬੜਾ ਨੇ ਅੱਜ ਇਥੇ ਸਦਰਨ ਕ੍ਰਾਸ ਸਟੂਡੈਂਟ ਸਰਵਿਸਜ਼ ਦਾ ਉਦਘਾਟਨ ਕੀਤਾ। ਕੰਪਨੀ ਆਸਟ੍ਰੇਲੀਆ 'ਚ ਪੜ੍ਹਾਈ ਕਰਨ ਦੇ ਇੱਛਕ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਅਤੇ ਸਲਾਹ ਦੇਵੇਗੀ। ਸਦਰਨ ਕ੍ਰਾਸ ਸਟੂਡੈਂਟ ਸਰਵਿਸਜ਼ ਦੇ ਗੇਲ ਬੇਕਰ ਅਤੇ ਬਿਜ਼ਨਸ ਸਲਾਹਕਾਰ ਸ੍ਰੀ ਮਾਨਵ ਚੋਪੜਾ ਨੇ ਦੱਸਿਆ ਕਿ ਅਸੀਂ ਭਾਰਤ 'ਚ ਆਪਣੀ ਕੰਪਨੀ ਦੀ ਫਰੈਂਚਾਈਜੀ ਨਹੀਂ ਦੇਵਾਂਗੇ ਕਿਉਂਕਿ ਅਸੀਂ ਆਪਣੀ ਵਧੀਆ ਕੁਆਲਿਟੀ ਵਾਲੀਆਂ ਸੇਵਾਵਾਂ 'ਤੇ ਪੂਰਾ ਕੰਟਰੋਲ ਰੱਖਣਾ ਚਾਹੁੰਦੇ ਹਾਂ। ਅਸੀਂ ਅੰਮ੍ਰਿਤਸਰ, ਜਲੰਧਰ, ਪਟਿਆਲਾ ਅਤੇ ਦਿੱਲੀ ਵਿਚ ਆਪਣੇ ਦਫ਼ਤਰ ਖੋਲਾਂਗੇ ਪਰ ਸੁਸ਼੍ਰੀ ਗੇਲ ਬੇਕਰ ਚੰਡੀਗੜ੍ਹ ਮੁੱਖ ਦਫ਼ਤਰ ਤੋਂ ਇਨ੍ਹਾਂ ਸਾਰਿਆਂ ਦਫ਼ਤਰਾਂ 'ਤੇ ਕੰਟਰੋਲ ਰੱਖੇਗੀ। ਸੁਸ਼੍ਰੀ ਗੇਲ ਨੇ ਦੱਸਿਆ ਕਿ ਜ਼ਿਆਦਾਤਰ ਯੂਨੀਵਰਸਿਟੀਆਂ ਦਾਖ਼ਲੇ ਤੋਂ ਪਹਿਲਾਂ ਸੈਮੀਨਾਰਾਂ ਦੇ ਮਾਧਿਅਮ ਨਾਲ ਵਿਦਿਆਰਥੀਆਂ ਨੂੰ ਜ਼ਰੂਰੀ ਸਲਾਹ ਦਿੰਦੀਆਂ ਹਨ ਪਰ ਕਈ ਅਜਿਹਾ ਨਹੀਂ ਕਰਦੀਆਂ। ਮੈਂ ਸਰੇ ਵਿਦਿਆਰਥੀਆਂ ਨੂੰ ਠੀਕ ਸਲਾਹ-ਮਸ਼ਵਰਾ ਦੇਣ ਲਈ ਸੈਮੀਨਾਰ ਕਰਵਾਏਗੀ। ਇਨ੍ਹਾਂ ਸੈਸ਼ਨਾਂ ਦੌਰਾਨ ਮੈਂ ਇਨ੍ਹਾਂ ਨੂੰ ਭਾਰਤ ਅਤੇ ਆਸਟਰੇਲੀਆ ਦੀ ਸਿੱਖਿਆ ਵਿਵਸਥਾ 'ਚ ਫ਼ਰਕ ਦੇ ਬਾਰੇ ਦੱਸਾਂਗੀ।



ਸਦਰਨ ਕ੍ਰਾਸ ਆਸਟ੍ਰੇਲੀਅਨ ਐਜੂਕੇਸ਼ਨ ਸੈਂਟਰ ਦੇ ਉਦਘਾਟਨ ਮੌਕੇ ਚੰਡੀਗੜ੍ਹ 'ਚ ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨਗਰ ਨਿਗਮ ਮੇਅਰ ਸ੍ਰੀ ਪ੍ਰਦੀਪ ਛਾਬੜਾ ਅਤੇ ਸਟੂਡੈਂਟ ਸਰਵਿਸਜ਼ ਦੀ ਭਾਰਤੀ ਇਕਾਈ ਦੀ ਡਾਇਰੈਕਟਰ ਸੁਸ਼੍ਰੀ ਗੇਲ ਬੇਕਰ। -ਅਜੀਤ ਤਸਵੀਰ ਗੁਰਿੰਦਰ ਸਿੰਘ